Author's Name Paper No Unit No Chapter No

| Subject | Paper No and Name | Unit No and Name | Chapter No and Name |
|---|---|---|---|
| **Punjabi**<br>**ਪੰਜਾਬੀ** | **BA(H)**<br>**Concurrent**<br>**Course** | **I**<br>**Punjabi**<br>**Pattarkari** | **Samachar Ikatrikaran de Somay**<br>**ਸਮਾਚਾਰ ਇੱਕਤਰੀਕਰਨ ਦੇ ਸੋਮੇ** |

**Author and Reviewer Details (Reviewer to add the details when this**

| | Author & Co-author | Reviewer |
|---|---|---|
| **Photograph** |  |  |
| **Name** | **Dr. Rawail Singh** | **Dr. Vinayneet Kaur** |
| **College/Department** | **Punjabi Academy** | **S.G.N.D. Khalsa College** |
| **Contact No.** | **9212021195** | **9811119833** |
| **e-mail id** | **rawails@rediffmail.com** | **8vnkaur@gmail.com** |
| **Date of Submission** | | |
| **Date of Second submission (pl add if any more)** | | |

# Table of Contents


- ਸਮਾਚਾਰ ਇੱਕਤਰੀਕਰਨ ਦੇ ਸੋਮੇ

1.1 ਸਮਾਚਾਰ ਇੱਕਤਰੀਕਰਨ ਦੀ ਸਮੱਸਿਆ

1.2 ਸਮਾਚਾਰ ਇੱਕਤਰੀਕਰਨ ਦੇ ਮੁੱਖ ਸੋਮੇ

- 1.2.1 ਸਮਾਚਾਰ ਬਿਊਰੋ
- 1.2.2 ਸਮਾਚਾਰ ਰਿਪੋਰਟਰ
- 1.2.3 ਆਰਜ਼ੀ ਪੱਤਰਕਾਰ

1.3 ਸਮਾਚਾਰ ਇੱਕਤਰੀਕਰਨ ਦੇ ਸਹਾਇਕ ਸੋਮੇ

- 1.3.1 ਪ੍ਰੈਸ ਫੋਟੋਗ੍ਰਾਫਰ
- 1.3.2 ਪ੍ਰੈਸ ਕਾਨਫਰੰਸ
- 1.3.3 ਪ੍ਰੈਸ ਨੋਟ

1.4 ਸਮਾਚਾਰ ਇੱਕਤਰੀਕਰਨ ਦੇ ਵਿਸ਼ੇਸ਼ ਸੋਮੇ

- 1.4.1 ਸਮਾਚਾਰ ਏਜੰਸੀਆਂ

1.5 ਸਮਾਚਾਰ ਇੱਕਤਰੀਕਰਨ

- 1.5.1 ਸੰਪਾਦਕੀ ਅਮਲਾ
- 1.5.2 ਸ਼੍ਰੇਣੀ ਵੰਡ

- ਵਿਵੇਚਨ (Summary)
- ਪ੍ਰਸ਼ਨੋਤਰੀ (Exercise)
- ਹਵਾਲੇ (References)

## 1.1 ਸਮਾਚਾਰ ਇੱਕਤਰੀਕਰਨ ਦੀ ਸੱਮਸਿਆ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਉਸ ਦਾ ਸੁਭਾਅ ਹੈ ਕਿ ਉਸ ਦੇ ਆਪਣੇ ਨਾਲ ਜਾਂ ਆਪਣੇ ਆਲੇ ਦੁਆਲੇ ਵਿਚ ਕੋਈ ਘਟਨਾ ਵਾਪਰਦੀ ਹੈ ਤਾਂ ਉਹ ਘਟਨਾ ਦੀ ਸੂਚਨਾ ਦੂਜੇ ਮਨੁੱਖ ਤੱਕ ਪੰਹੁਚਾਉਣ ਦਾ ਯਤਨ ਕਰਦਾ ਹੈ। ਇਥੋਂ ਤਕ ਕਿ ਜਦੋਂ ਮਨੁੱਖ ਨੇ ਬੋਲਣਾ ਵੀ ਨਹੀਂ ਸਿਖਿਆ ਸੀ ਤਾਂ ਉਹ ਮੂੰਹ ਦੇ ਸੰਕੇਤਾਂ ਨਾਲ ਇਕ ਦੂਜੇ ਨੂੰ ਸੂਚਿਤ ਕਰਦਾ ਸੀ। ਨਗਾਰਿਆਂ ਦੀ ਆਵਾਜ਼ ਤੇ ਧੂੰਏ ਦੇ ਤਬਦੀਲ ਹੁੰਦੇ ਰੰਗਾਂ ਰਾਹੀਂ ਸੂਚਨਾ ਨੂੰ ਦੁਰਾਡੇ ਪੰਹੁਚਾਣ ਦਾ ਯਤਨ ਕੀਤਾ ਜਾਂਦਾ ਸੀ। ਪੱਥਰ ਯੁੱਗ ਤੋਂ ਬਾਅਦ ਰਾਜੇ ਮਹਾਰਾਜਿਆਂ ਅਤੇ ਹੋਰਨਾਂ ਨੇ ਕਬੂਤਰਾਂ ਰਾਹੀਂ ਚਿੱਠੀਆਂ ਭੇਜ ਕੇ ਸੂਚਨਾ ਪਹੁੰਚਾਉਣ ਦੀ ਪਿਰਤ ਕਾਇਮ ਕੀਤੀ।

**Value addition:** Animation

**Heading of Animation :** Flying Bird with holding letter



**How to Animate :** Fly from left

ਕਾਗਜ਼ ਦੀ ਕਾਢ ਅਤੇ ਛਾਪੇਖਾਨੇ ਦੇ ਜਨਮ ਨਾਲ ਹੌਲੀ ਹੌਲੀ ਅਖ਼ਬਾਰ ਛਪਣ ਲੱਗਾ। ਜਦੋਂ ਭਾਰਤ ਵਿਚ ਈਸਟ ਇੰਡੀਆ ਕੰਪਨੀ ਵਪਾਰ ਤੋਂ ਬਾਅਦ ਪ੍ਰਸ਼ਾਸਨ ਵਿਚ ਪੈਰ ਪਸਾਰਨੇ ਸ਼ੁਰੂ ਕੀਤੇ ਤਾਂ ਕਈ ਮਹੱਤਵਪੂਰਨ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚੋਂ ਪਹਿਲੇ ਅਖ਼ਬਾਰ ਦੀ ਪ੍ਰਕਾਸ਼ਨਾ ਵੀ ਅਹਿਮ ਸੀ।

**Value addition: Historical Context**

ਪਹਿਲਾ ਪ੍ਰਕਾਸ਼ਿਤ ਅਖ਼ਬਾਰ - ਬੰਗਾਲ ਗਜਟ 1780

ਭਾਰਤ ਵਿਚ ਸਮਾਚਾਰ ਪੱਤਰ ਦਾ ਮੁੱਢ ਈਸਟ ਇੰਡੀਆ ਕੰਪਨੀ ਦੇ ਆਉਣ ਨਾਲ ਬੱਝਦਾ ਹੈ ਕਿਉਂਕਿ ਇਸ਼ਤਿਹਾਰ ਦੇ ਰੂਪ ਵਿਚ ਪਹਿਲੀਆਂ ਸੂਚਨਾਵਾਂ ਉਨ੍ਹਾਂ ਵਿਅਕਤੀਆਂ ਵਲੋਂ ਸ਼ੁਰੂ ਕੀਤੀਆਂ ਗਈਆ, ਜਿਨ੍ਹਾਂ ਨੂੰ ਈਸਟ ਇੰਡੀਆ ਕੰਪਨੀ ਨਾਲ ਗੁੱਸੇ, ਗਿਲੇ ਜਾਂ ਰੋਸੇ ਸਨ। ਹੌਲੀ ਹੌਲੀ ਇਹ ਸਭ ਵਧਦਾ ਗਿਆ ਅਤੇ ਉਨ੍ਹਾਂ ਵਿਅਕਤੀਆਂ ਨੇ ਅਸਤੀਫ਼ੇ ਦੇ ਕੇ ਲਗਾਤਾਰ ਕੰਪਨੀ ਖ਼ਿਲਾਫ਼ ਜੇਹਾਦ, ਸਮਾਚਾਰ ਪੱਤਰਾਂ ਦੇ ਰੂਪ ਵਿਚ ਸ਼ੁਰੂ ਕੀਤਾ।




**Source:** 1) http://en.wikipedia.org/wiki/Media_of_India
2) http://content.gucca.dk/spil-covers/store/east-india-company_60596.jpg

ਭਾਰਤ ਵਿਚ ਪਹਿਲਾ ਅੰਗਰੇਜ਼ੀ ਅਖ਼ਬਾਰ ਤੇ ਬਾਅਦ ਵਿਚ ਖੇਤਰੀ ਭਾਸ਼ਾਵਾਂ ਦੇ ਅਖਬਾਰਾਂ ਨੇ ਆਪਣਾ ਜਾਲ ਵਿਛਾਇਆ। ਅੱਖ ਦੇ ਫੇਰ ਵਿਚ ਇਕ ਥਾਂ ਦੀ ਸੂਚਨਾ ਦੂਜੀ ਥਾਂ ਪਹੁੰਚਾਈ ਜਾਣ ਲਗੀ। ਪਰ, ਮਹੱਤਵਪੂਰਨ ਮਸਲਾ ਇਹ ਸੀ ਕਿ ਇਹ ਸੂਚਨਾ ਇੱਕਠੀ ਕਿਵੇਂ ਕੀਤੀ ਜਾਵੇ। ਭਾਵੇਂ ਰੇਡੀਓ ਦੀ ਆਮਦ ਅਤੇ ਇੰਟਰਨੈਟ ਨੇ ਜਦੋਂ ਸੂਚਨਾ ਦੇ ਯੁੱਗ ਵਿਚ ਕ੍ਰਾਂਤੀ ਲੈ ਆਂਦੀ ਤਾਂ ਦੁਨੀਆਂ ਇਕ ਪਿੰਡ ਵਾਂਗ ਜਾਪਣ ਲਗੀ। ਪਰ, ਖ਼ਬਰਾਂ ਇਕਤਰਿਤ ਕਰਨ ਦਾ ਮਸਲਾ ਸਾਰਿਆਂ ਲਈ ਬਣਿਆ ਰਿਹਾ। ਹਰ ਅਖ਼ਬਾਰ ਨੇ ਸ਼ੁਰੂ ਵਿਚ ਆਪੋ ਆਪਣੇ ਤੌਰ 'ਤੇ ਖ਼ਬਰਾਂ ਇੱਕਤਰ ਕਰਨ ਦੇ ਯਤਨ ਆਰੰਭੇ ਅਤੇ ਬਾਅਦ ਵਿਚ ਇਹ ਯਤਨ ਸੰਗਠਨਾਤਮਕ ਰੂਪ ਵਿਚ ਆਰੰਭ ਹੋਏ।

## 1.2 ਸਮਾਚਾਰ ਇੱਕਤਰੀਕਰਨ ਦੇ ਮੁੱਖ ਸੋਮੇ

ਖ਼ਬਰਾਂ ਦਾ ਸਾਡੀ ਜ਼ਿੰਦਗੀ 'ਚ ਅਹਿਮ ਰੋਲ ਹੈ। ਸਮਾਚਾਰ ਪੱਤਰਾਂ ਦੇ ਰੂਪ ਵਿਚ ਪਹੁੰਚਦੀਆਂ ਖ਼ਬਰਾਂ ਸਾਡੇ ਤਕ ਦੇਸ਼ ਦੀ ਰਾਜਨੀਤੀ, ਸਮਾਜਿਕ ਵਿਵਸਥਾ, ਆਰਥਿਕ ਢਾਂਚੇ, ਸਾਹਿਤਕ ਮਿਆਰ ਨਾਲ ਸੰਬੰਧਿਤ ਵਿਸਤਰਿਤ ਜਾਣਕਾਰੀ ਦਿੰਦੀਆਂ ਹਨ। ਭਿੰਨ ਭਿੰਨ ਵਿਸ਼ਿਆਂ ਨਾਲ ਸੰਬੰਧਿਤ ਜਾਣਕਾਰੀ ਇਕ ਅਖਬਾਰ ਵਿਚ ਕਿਵੇਂ ਇਕੱਤਰਿਤ ਹੁੰਦੀ ਹੈ ਉਸ ਦੇ ਮੁੱਖ ਸੋਮੇ ਹੇਠ ਲਿਖੇ ਅਨੁਸਾਰ ਹਨ:-




Figure 1.1 (Original)

### 1.2.1 ਸਮਾਚਾਰ ਬਿਊਰੋ:

ਸਥਾਪਤ ਅਖ਼ਬਾਰਾਂ ਨੇ ਆਪਣੇ ਪਾਠਕਾਂ ਦੇ ਘੇਰੇ ਨੂੰ ਵੇਖਦਿਆਂ ਵੱਡੇ ਸ਼ਹਿਰਾਂ ਵਿਚ ਸਮਾਚਾਰ ਬਿਊਰੋ ਖੋਲ੍ਹੇ। ਇਨ੍ਹਾਂ ਸਮਾਚਾਰ ਬਿਊਰੋ ਵਿਚ ਰਿਪੋਰਟਰ, ਉੱਪ ਸੰਪਾਦਕ ਅਤੇ ਕਾਪੀ ਰਾਈਟਰ ਆਦਿ ਵੀ ਨਿਯੁਕਤ ਕੀਤੇ ਗਏ। ਬਿਊਰੋ ਦਾ ਕੰਮ ਸੀ, ਉਸ ਨੂੰ ਦਿਤੇ ਗਏ ਕਾਰਜ, ਹਰ ਕਿਸਮ ਦੇ ਵਿਕਾਸ ਜਾਂ ਸਰਕਾਰ ਨਾਲ ਸੰਬੰਧਿਤ ਖੇਤਰ ਵਿਚ ਵਾਪਰਦੀਆਂ ਘਟਨਾਵਾਂ, ਖ਼ਬਰਾਂ ਨੂੰ ਇੱਕਤਰ ਕਰ ਕੇ ਉਸ ਦੀ ਕਾਪੀ

ਤਿਆਰ ਕਰਨੀ ਅਤੇ ਜਿਥੋਂ ਤਕ ਸੰਭਵ ਹੋ ਸਕੇ ਸੰਪਾਦਨ ਕਰ ਕੇ ਅਖ਼ਬਾਰ ਦੇ ਕੇਂਦਰੀ ਦਫ਼ਤਰ ਨੂੰ ਭੇਜਣਾ। ਇਹ ਬਿਊਰੋ ਉਸ ਅਖ਼ਬਾਰ ਦੇ ਖੇਤਰੀ ਦਫ਼ਤਰ ਵਜੋ ਵੀ ਕੰਮ ਕਰਦਾ ਹੈ। ਇਕ ਬਿਊਰੋ ਵਿਚ ਦੋ ਜਾਂ ਇਸ ਤੋਂ ਵੱਧ ਲੋੜ ਅਨੁਸਾਰ ਪੱਤਰਕਾਰ ਰਖੇ ਜਾਂਦੇ ਹਨ ਅਤੇ ਇਨ੍ਹਾਂ ਪੱਤਰਕਾਰਾਂ ਨੂੰ ਸਮਾਚਾਰ ਇੱਕਤਰ ਕਰਨ ਲਈ ਵੀ ਵਖੋ ਵਖਰੇ ਖੇਤਰ ਦਿਤੇ ਜਾਂਦੇ ਹਨ, ਜਿਵੇ ਕੋਈ ਪੱਤਰਕਾਰ ਸਿਆਸੀ, ਕੋਈ ਵਿਦਿਅਕ, ਕੋਈ ਸਭਿਆਚਾਰਕ, ਕੋਈ ਖੇਤੀਬਾੜੀ ਨਾਲ ਸੰਬੰਧਿਤ ਰਹਿੰਦਾ ਹੈ। ਇਨ੍ਹਾਂ ਸਾਰੇ ਪੱਤਰਕਾਰਾਂ ਦੀਆਂ ਖ਼ਬਰਾਂ ਇੱਕਤਰ ਹੋ ਕੇ ਬਿਊਰੋ ਦੇ ਦਫਤਰ ਪੁਜਦੀਆਂ ਹਨ। ਜਿਥੇ ਉਪ ਸੰਪਾਦਕ ਇਨ੍ਹਾਂ ਨੂੰ ਸੰਪਾਦਿਤ ਕਰ ਕੇ ਫੈਕਸ ਰਾਹੀਂ ਜਾਂ ਇੰਟਰਨੈਟ ਰਾਹੀਂ ਅਖ਼ਬਾਰ ਦੇ ਕੇਂਦਰੀ ਦਫ਼ਤਰ ਭੇਜ ਦਿੰਦਾ ਹੈ।




Figure 1.2 (Original)

ਇਹ ਬਿਊਰੋ ਹੀ ਹੈ ਜੋ ਖੇਤਰ ਵਿਚੋਂ ਅਖ਼ਬਾਰ ਲਈ ਇਸ਼ਤਿਹਾਰ ਇਕੱਠੇ ਕਰਦਾ ਹੈ ਅਤੇ ਖ਼ਬਰਾਂ ਨੂੰ ਵੰਡਣ ਦੀ ਜ਼ਿੰਮੇਵਾਰੀ ,ਵੀ ਇਸ ਦੇ ਕੋਲ ਹੀ ਹੁੰਦੀ ਹੈ।




ਇੱਕਤਰਿਤ ਖ਼ਬਰਾਂ

Figure 1.3

http://www.cartoonstock.com/newscartoons/cartoonists/nsu/lowres/nsun302l.jpg



Figure 1.4

http://www.chinadaily.com.cn/english/doc/2006-02/08/xin_25020308070649639738.jpg



Figure 1.5

http://cicilucy86.blogspot.in/

## 1.2.2 ਸਮਾਚਾਰ ਰਿਪੋਰਟਰ



Figure 1.6

http://farm2.static.flickr.com/1353/694987923_33bb865a35.jpg

ਹਰ ਅਖ਼ਬਾਰ ਮੁੱਖ ਸ਼ਹਿਰਾਂ ਵਿਚ ਸਥਾਈ ਤੌਰ 'ਤੇ ਆਪਣੇ ਰਿਪੋਰਟਰ ਨਿਯੁਕਤ ਕਰਦਾ ਹੈ। ਰਿਪੋਰਟਰ ਉਸ ਸ਼ਹਿਰ ਵਿਚ ਵਾਪਰਦੀ ਹਰ ਘਟਨਾ ਦੀ ਖ਼ਬਰ ਬਣਾ ਕੇ ਅਖ਼ਬਾਰ ਦੇ ਕੇਂਦਰੀ ਦਫ਼ਤਰ ਭੇਜਦੇ ਹਨ। ਉੱਪ ਸੰਪਾਦਨ ਅਤੇ ਉਸ ਖ਼ਬਰ ਨਾਲ ਸੰਬੰਧਿਤ ਬਾਕੀ ਸਾਰਾ ਫੈਸਲਾ ਅਖ਼ਬਾਰ ਵਿਚ ਬੈਠੇ ਸੰਪਾਦਕੀ ਬੋਰਡ ਨੇ ਕਰਨਾ ਹੁੰਦਾ ਹੈ। ਇਹ ਰਿਪੋਰਟਰ ਉਨ੍ਹਾਂ ਸ਼ਹਿਰਾਂ ਜਾਂ ਇਲਾਕਿਆਂ ਵਿਚ ਨਿਯੁਕਤ ਕੀਤੇ ਜਾਂਦੇ ਹਨ ਜਿਥੇ ਸੰਬੰਧਿਤ ਅਖ਼ਬਾਰ ਦਾ ਕੋਈ ਖੇਤਰੀ ਦਫ਼ਤਰ ਜਾਂ ਬਿਊਰੋ ਨਹੀਂ ਹੁੰਦਾ। ਇਸ ਤਰ੍ਹਾਂ ਇਹ ਰਿਪੋਰਟਰ ਇਕ ਤਰ੍ਹਾਂ ਨਾਲ ਉਸ ਅਖ਼ਬਾਰ ਦੇ ਮੁੱਖ ਨੁਮਾਇੰਦੇ ਵਜੋਂ ਵੀ ਸ਼ਹਿਰ ਵਿਚ ਕੰਮ ਕਰਦਾ ਹੈ। ਕਈ ਵਾਰ ਅਖ਼ਬਾਰ ਦਾ ਸੰਪਾਦਕੀ ਬੋਰਡ ਸ਼ਹਿਰ ਵਿਚ ਵਾਪਰਦੀ ਘਟਨਾ ਸਬੰਧੀ ਆਪਣੇ ਪੱਤਰਕਾਰਾਂ ਨੂੰ ਅਗਾਂਊਂ ਨਿਰਦੇਸ਼ ਵੀ ਦਿੰਦਾ ਹੈ ਅਤੇ ਅਖ਼ਬਾਰ ਦੀ ਨੀਤੀ ਆਦਿ ਵੀ ਸਮਝਾਉਂਦਾ ਹੈ ਤਾਂ ਜੋ ਸਹੀ ਅਤੇ ਸਮੇਂ ਸਿਰ ਸਮਾਚਾਰ ਅਖ਼ਬਾਰ ਦੇ ਕੇਂਦਰੀ ਦਫ਼ਤਰ ਵਿਚ ਪੰਹੁਚ ਸਕੇ। ਇਸ ਲਈ ਖ਼ਬਰਾਂ ਇੱਕਤਰ ਕਰਨ ਵਿਚ ਰਿਪੋਰਟਰ ਦੀ ਭੂਮਿਕਾ ਬਹੁਤ ਅਹਿਮ ਹੈ। ਰਿਪੋਰਟਰ ਹੀ ਹੈ ਜੋ ਸਮੇਂ ਸਮੇਂ ਸਿਰ ਹੁੰਦੀਆਂ ਪ੍ਰੈਸ ਕਾਨਫਰੰਸਾਂ ਵਿਚ ਹਿੱਸਾ ਲੈ ਕੇ ਮਹੱਤਵਪੂਰਨ ਖ਼ਬਰਾਂ ਇੱਕਤਰ ਕਰਦਾ ਹੈ।

## 1.2.3 ਆਰਜ਼ੀ ਪੱਤਰਕਾਰ (Stinger)

ਹਰ ਅਖ਼ਬਾਰ ਦੇ ਪ੍ਰਬੰਧਕੀ ਬੋਰਡ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਅਖ਼ਬਾਰ ਦਾ ਖ਼ਰਚ ਘੱਟ ਤੋਂ ਘੱਟ ਰਖਿਆ ਜਾਵੇ। ਇਸ ਲਈ ਬਹੁਤ ਵੱਡੇ ਸ਼ਹਿਰਾਂ ਵਿਚ ਬਿਊਰੋ ਕੱਢੇ ਜਾਂਦੇ ਹਨ ਜਦ ਕਿ ਮੁੱਖ ਸ਼ਹਿਰਾਂ ਵਿਚ ਸਮਾਚਾਰ ਰਿਪੋਰਟਰ ਤਾਇਨਾਤ ਕੀਤੇ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਛੋਟੇ ਸ਼ਹਿਰਾਂ, ਬਲਾਕਾਂ ਆਦਿ ਵਿਚ ਆਰਜ਼ੀ ਪੱਤਰਕਾਰ ਰਖੇ ਜਾਂਦੇ ਹਨ। ਇਨ੍ਹਾਂ ਪੱਤਰਕਾਰਾਂ ਨੂੰ ਅਖ਼ਬਾਰ ਦੇ ਤਹਿਸੀਲਾਂ, ਅਤੇ ਉਨ੍ਹਾਂ ਵਲੋਂ ਭੇਜੀਆਂ ਖ਼ਬਰਾਂ 'ਤੇ ਆਧਾਰਿਤ ਪ੍ਰਤਿ ਖ਼ਬਰ ਮਿਹਨਤਾਨਾ ਅਦਾ ਕੀਤਾ ਜਾਂਦਾ ਹੈ। ਸਮੂਹ ਵਲੋਂ ਤਨਖਾਹ ਨਹੀਂ ਦਿਤੀ ਜਾਂਦੀ। ਇਹ ਮਿਹਨਤਾਨਾ ਵਖੋਂ ਵਖ ਖ਼ਬਰਾਂ ਨੂੰ ਆਪਣੀ ਸਮਰੱਥਾ ਮੁਤਾਬਿਕ ਪ੍ਰਸਤੁਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਹ ਆਰਜ਼ੀ ਪੱਤਰਕਾਰ ਵੀ ਖ਼ਬਰ ਦੇ ਨੁਮਾਇੰਦੇ ਵਜੋਂ ਆਪਣੇ ਖ਼ਿੱਤੇ ਵਿਚ ਕੰਮ ਕਰਦੇ ਹਨ ਅਤੇ ਇਸ ਖ਼ਿੱਤੇ ਵਿਚ ਵਾਪਰਦੀਆਂ ਛੋਟੀਆਂ ਮੋਟੀਆਂ ਘਟਨਾਵਾਂ/ਖ਼ਬਰਾਂ ਆਪਣੇ ਖੇਤਰ ਦੇ ਸਮਾਚਾਰ ਬਿਊਰੋ ਜਾਂ ਕੇਂਦਰੀ ਦਫਤਰ ਨੂੰ ਭੇਜ ਦਿੰਦੇ ਹਨ।

| **Value addition: Did you Know** |
| --- |
| **Heading text:** ਆਰਜ਼ੀ ਪੱਤਰਕਾਰ ਦਾ ਨਿਰਣੇਕਾਰੀ ਮੱਤ |
| **Body text:** ਕੀ ਤੁਸੀਂ ਜਾਣਦੇ ਹੋ ਕਿ ਜੇ ਉਸ ਖ਼ਿੱਤੇ ਵਿਚ ਕੋਈ ਵੱਡੀ ਘਟਨਾ ਵਾਪਰ ਗਈ ਹੋਵੇ ਜਾਂ ਰਾਸ਼ਟਰਪਤੀ ਪ੍ਰਧਾਨਮੰਤਰੀ ਆਦਿ ਦਾ ਦੌਰਾ ਹੋਵੇ ਤਾਂ ਇਸ ਦੌਰ ਸੰਬੰਧੀ ਖ਼ਬਰਾਂ ਭੇਜਣ ਲਈ ਕੇਵਲ ਆਰਜ਼ੀ ਪੱਤਰਕਾਰ ਉਤੇ ਹੀ ਟੇਕ ਨਹੀਂ ਰਖੀ ਜਾਂਦੀ ਸਗੋਂ ਵੱਡੇ ਸ਼ਹਿਰਾਂ ਤੇ ਸਥਾਈ ਰਿਪੋਰਟਰ ਨੂੰ ਵਿਸ਼ੇਸ਼ ਤੌਰ 'ਤੇ ਸਮਾਚਾਰ ਭੇਜਣ ਲਈ ਤਾਇਨਾਤ ਕੀਤਾ ਜਾਂਦਾ ਹੈ। ਅਜਿਹੇ ਮੌਕੇ ਉੱਤੇ ਆਰਜ਼ੀ ਪੱਤਰਕਾਰ ਸਥਾਈ ਰਿਪੋਰਟਰ ਦੇ ਸਹਾਇਕ ਵਜੋਂ ਕੰਮ ਕਰਦਾ ਹੈ ਅਤੇ ਉਨ੍ਹਾਂ ਵਲੋਂ ਭੇਜੀ ਖ਼ਬਰ ਦੋਵਾਂ ਪੱਤਰਕਾਰਾਂ ਦੇ ਨਾਮ ਦੇ ਹਵਾਲੇ ਨਾਲ ਹੀ ਸੰਬੰਧਿਤ ਖ਼ਬਰ ਵਿਚ ਪ੍ਰਕਾਸ਼ਿਤ ਕੀਤੀ ਜਾਂਦੀ ਹੈ। |
| **Source:** Original |

## 1.3 ਸਮਾਚਾਰ ਇੱਕਤਰ ਕਰਨ ਦੇ ਸਹਾਇਕ ਸੋਮੇ




Figure 1.7

http://upload.wikimedia.org/wikipedia/commons/d/d9/HK_Victoria_Park_TVBS_News_Reporter_2007.JPG

Figure 1.8

http://www.conceptualevent.com/PressConference2.jpg

Figure 1.9

http://kerc.org/TBPCL-ORDER-2006/Press-Note.gif

## 1.3.1 ਪ੍ਰੈਸ ਫੋਟੋਗ੍ਰਾਫਰ

ਸਮਾਚਾਰਾਂ ਇਕੱਤਰ ਕਰਨ ਵਿਚ ਪ੍ਰੈਸ ਫੋਟੋਗ੍ਰਾਫਰ ਦਾ ਵੀ ਮਹੱਤਵਪੂਰਨ ਰੋਲ ਹੁੰਦਾ ਹੈ ਕਿਉਂਕਿ ਕੋਈ ਵੀ ਖ਼ਬਰ ਤਾਂ ਹੀ ਵਧੇਰੇ ਪ੍ਰਮਾਣਤ ਮੰਨੀ ਜਾਂਦੀ ਹੈ ਜਦੋਂ ਉਸ ਦੇ ਨਾਲ ਨਾਲ ਠੀਕ ਤਸਵੀਰਾਂ ਵੀਂ ਛਾਪੀਆਂ ਜਾਣ। ਇਸ ਲਈ ਹਰ ਸਮਾਚਾਰ ਪੱਤਰ ਆਪਣੇ ਫੋਟੋਗ੍ਰਾਫਰ ਨੂੰ ਨਿਯੁਕਤ ਕਰਦਾ ਹੈ ਜੋ ਘਟਨਾ ਸਥਾਨ ਉਤੇ ਜਾ ਕੇ ਤਸਵੀਰਾਂ ਖਿਚਦੇ ਹਨ ਅਤੇ ਉਸ ਨਾਲ ਸੰਬੰਧਿਤ ਖ਼ਬਰ ਨੂੰ ਵਧੇਰੇ ਪ੍ਰਮਾਣਿਕ ਬਣਾਉਂਦੇ ਹਨ। ਇਨ੍ਹਾਂ ਫੋਟੋਗ੍ਰਾਫਰਾਂ ਤੋਂ ਇਲਾਵਾ ਫ੍ਰੀ ਲਾਂਸਰ ਫੋਟੋ ਗ੍ਰਾਫਰ ਤੋਂ ਵੀ ਤਸਵੀਰਾਂ ਖ਼ਰੀਦ ਕੇ ਪ੍ਰਕਾਸ਼ਿਤ ਕਰਦੇ ਹਨ। ਪਿਛਲੇ ਸਮਿਆਂ ਤੋਂ ਭਾਰਤ ਵਿਚਲੀਆਂ ਏਜੰਸੀਆਂ ਪੀ. ਟੀ. ਆਈ ਅਤੇ ਯੂ. ਐਨ. ਆਈ ਨੇ ਵੀਂ ਤਸਵੀਰਾਂ ਵਾਸਤੇ ਆਪਣੇ ਸਪੈਸ਼ਲ ਬਿਊਰੋ ਕਾਇਮ ਕੀਤੇ ਹਨ ਜੋ ਸਮਾਚਾਰ ਦੇ ਨਾਲ ਨਾਲ ਤਸਵੀਰਾਂ ਵੀ ਭੇਜਦੇ ਹਨ, ਬਦਲੇ ਵਿਚ ਅਖ਼ਬਾਰਾਂ ਇਨ੍ਹਾਂ ਫੋਟੋਗ੍ਰਾਫਰ/ਸਮਾਚਾਰ ਏਜੰਸੀਆਂ ਨੂੰ ਢੁੱਕਵਾਂ ਸੇਵਾ ਫਲ ਅਦਾ ਕਰਦੀਆਂ ਹਨ।

## 1.3.2 ਪ੍ਰੈਸ ਕਾਨਫੰਰਸ

ਖ਼ਬਰਾਂ ਸੰਬੰਧੀ ਭਰਪੂਰ ਜਾਣਕਾਰੀ ਦੇਣ ਲਈ ਸ਼ਹਿਰ ਵਿਚ ਸਮੇਂ ਸਮੇਂ ਸਿਰ ਪ੍ਰੈਸ ਕਾਨਫਰੰਸ ਕੀਤੀਆਂ ਜਾਂਦੀਆਂ ਹਨ। ਜਿਸ ਵਿਚ ਕਿਸੇ ਮਹੱਤਵਪੂਰਨ ਵਿਸ਼ੇ ਉਤੇ ਪੱਤਰਕਾਰਾਂ ਦੇ ਸੁਆਲਾਂ ਦਾ ਜੁਆਬ ਦਿੱਤਾ ਜਾਂਦਾ ਹੈ। ਇਹ ਸੁਆਲ ਜੁਆਬ ਸਰਕਾਰੀ ਨੀਤੀਆਂ, ਫੈਸਲਿਆਂ ਨਾਲ ਸੰਬੰਧਿਤ ਹੁੰਦੇ ਹਨ। ਨਵੇਂ ਉਤਪਾਦਾ ਦੀ ਜਾਣਕਾਰੀ, ਮਜ਼ਦੂਰਾਂ ਨਾਲ ਮਤਭੇਤ ਸਮੇਂ ਲਏ ਗਏ ਫੈਸਲਿਆਂ, ਵਪਾਰ ਵਿਚ ਵਿਸਤਾਰ ਆਦਿ ਲਈ ਪ੍ਰੈਸ ਕਾਨਫੰਰਸ ਆਯੋਜਿਤ ਹੁੰਦੀਆਂ ਹਨ ਜਿਨ੍ਹਾਂ ਵਿਚ ਵਖੋਂ ਵਖ ਅਖ਼ਬਾਰਾਂ ਦੇ ਨੁਮਾਇੰਦੇ ਪਹੁੰਚਦੇ ਹਨ। ਇਨ੍ਹਾਂ ਨੁਮਾਇੰਦਿਆਂ ਨੂੰ ਅਗਾਉਂ ਸੂਚਨਾ ਦਿਤੀ ਜਾਂਦੀ ਹੈ। ਇਹ ਨੁਮਾਇੰਦੇ ਕਾਨਫਰੰਸ ਵਿਚ ਹੋਏ ਸੁਆਲ ਜੁਆਬਾਂ ਤੋਂ ਆਪਣੇ ਅਖ਼ਬਾਰ ਲਈ ਖ਼ਬਰ ਤਿਆਰ ਕਰਦੇ ਹਨ।

### 1.3.3 ਪ੍ਰੈਸ ਨੋਟ

ਖ਼ਬਰਾਂ ਦੇ ਇਨ੍ਹਾਂ ਮੁੱਖ ਸੋਮਿਆਂ ਤੋਂ ਇਲਾਵਾ ਸਾਰੇ ਸਰਕਾਰੀ ਵਿਭਾਗ ਰਾਜ ਸਰਕਾਰਾਂ ਕੇਂਦਰੀ ਸਰਕਾਰ ਆਪਣੇ ਤੌਰ ਉਤੇ ਆਪਣੇ ਸਮਾਚਾਰ ਭੇਜਦੇ ਹਨ, ਇਨ੍ਹਾਂ ਸਮਾਚਾਰਾਂ ਨੂੰ ਪ੍ਰੈਸ ਨੋਟ ਦਾ ਨਾਮ ਦਿਤਾ ਜਾਂਦਾ ਹੈ। ਹਰ ਸਰਕਾਰੀ ਵਿਭਾਗ ਕੋਲ ਲੋਕ ਸੰਪਰਕ ਅਧਿਕਾਰੀ ਨਿਯੁਕਤ ਹੁੰਦੇ ਹਨ ਜੋ ਉਸ ਵਿਭਾਗ ਨਾਲ ਸੰਬੰਧਤ ਖ਼ਬਰ ਲਗਾਤਾਰ ਮੀਡੀਆ ਨੂੰ ਭੇਜਦੇ ਰਹਿੰਦੇ ਹਨ। ਇਸੀ ਤਰ੍ਹਾਂ ਰਾਜ ਸਰਕਾਰਾਂ ਦੇ ਲੋਕ ਸੰਪਰਕ ਅਧਿਕਾਰੀ ਅਤੇ ਸੂਚਨਾ ਵਿਭਾਗ ਵੀ ਸਰਕਾਰ ਦੀਆਂ ਪ੍ਰਾਪਤੀਆਂ, ਨਵੇਂ ਫੈਸਲਿਆਂ ਬਾਰੇ ਪ੍ਰੈਸ ਨੋਟ ਜਾਰੀ ਕਰਦੇ ਹਨ। ਕੇਂਦਰੀ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਹੇਠ ਇਕ ਪ੍ਰੈਸ ਇਨਫੋਰਮੇਸ਼ਨ ਬਿਊਰੋ ਕੰਮ ਕਰਦਾ ਹੈ ਜੋ ਕੈਬਿਨੇਟ ਦੀਆਂ ਮੀਟਿੰਗਾ ਵਿਚ ਲਏ ਗਏ ਫੈਸਲੇ ਅਤੇ ਹੋਰ ਮੁੱਖ ਫੈਸਲਿਆਂ ਦੀ ਜਾਣਕਾਰੀ ਦੇ ਪ੍ਰੈਸ ਨੋਟ ਜਾਰੀ ਕਰਦਾ ਹੈ।

## 1.4 ਸਮਾਚਾਰ ਇਕੱਤਰੀਕਰਨ ਦੇ ਵਿਸ਼ੇਸ਼ ਸੋਮੇ

ਸਮਾਚਾਰ ਇਕੱਤਰੀਕਰਨ ਦੇ ਵਿਸ਼ੇਸ਼ ਸੋਮਿਆਂ ਵਿਚ ਸਮਾਚਾਰ ਏਜੰਸੀਆਂ ਅਹਿਮ ਰੋਲ ਨਿਭਾਉਂਦੀਆਂ ਹਨ ਜੋ ਕਿ ਪੂਰੇ ਵਿਸ਼ਵ ਭਰ ਵਿਚ ਫੈਲੀਆਂ ਹੋਈਆਂ ਹਨ। ਇਨ੍ਹਾਂ ਦਾ ਜਨਮ ਦੁਨੀਆਂ ਦੇ ਹਰ ਕੋਨੇ ਤੋਂ ਹਰ ਤਰ੍ਹਾਂ ਦੀਆਂ ਖ਼ਬਰਾਂ ਜਲਦੀ ਤੋਂ ਜਲਦੀ ਇਕੱਠਿਆਂ ਕਰਨ ਦੀ ਅਸਮੱਰਥਾ ਕਰ ਕੇ ਹੋਇਆ।

### 1.4.1 ਸਮਾਚਾਰ ਏਜੰਸੀਆਂ

ਅਸੀ ਵੇਖਦੇ ਹਾਂ ਕਿ ਜਦੋਂ ਅਖ਼ਬਾਰਾਂ ਦਾ ਘੇਰਾ ਵਿਸ਼ਾਲ ਹੁੰਦਾ ਹੈ ਤਾਂ ਕਿਸੇ ਵੀ ਖ਼ਬਰ ਲਈ ਇਹ ਸੰਭਵ ਨਹੀਂ ਹੁੰਦਾ ਕਿ ਉਹ ਦੁਨੀਆਂ ਭਰ ਵਿਚ ਆਪਣੇ ਰਿਪੋਰਟਰ ਨਿਯੁਕਤ ਕਰਕੇ ਜਾਂ ਬਿਊਰੋ ਕਾਇਮ ਕਰੇ । ਹਰ ਅਖ਼ਬਾਰ ਦੀ ਸਮਾਚਾਰ ਭੇਜਣ ਪ੍ਰਤਿ ਇਕ ਪਹੁੰਚ ਹੁੰਦੀ ਹੈ ਜੋ ਪਾਠਕਾਂ ਉੱਤੇ ਨਿਰਭਰ ਕਰਦੀ ਹੈ। ਮਸਲਨ ਪੰਜਾਬੀ ਵਿਚ ਛਪਣ ਵਾਲੇ ਅਖ਼ਬਾਰਾਂ ਲਈ ਵਿਦੇਸ਼ਾਂ ਵਿਚ ਘਟਨ ਵਾਲੀਆਂ ਘਟਨਾਵਾਂ ਮਹੁੱਤਵਪੂਰਨ ਹੁੰਦੀਆਂ ਹਨ। ਕਿਉਂਕਿ ਪੰਜਾਬ ਵਿਚੋਂ ਵੱਡੀ ਗਿਣਤੀ ਵਿਚ ਲੋਕ ਅਮਰੀਕਾ ,ਇਟਲੀ ,ਇੰਗਲੈਂਡ ,ਕੈਨੇਡਾ , ਆਸਟ੍ਰੇਲੀਆ, ਸਿੰਗਾਪੁਰ ਆਦਿ ਮੁਲਕਾਂ ਵਿਚ ਪ੍ਰਵਾਸ ਕਰ ਰਹੇ ਹਨ ਅਤੇ ਪਿੱਛੇ ਰਹਿੰਦੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਸੁੱਖਸਾਂਦ ਸੰਬੰਧੀ ਅਤੇ ਉਨ੍ਹਾਂ ਮੁਲਕਾਂ ਵਿਚ ਵਾਪਰਦੀਆਂ ਘਟਨਾਵਾਂ ਸਬੰਧੀ ਹਮੇਸ਼ਾ ਦਿਲਚਸਪੀ ਹੁੰਦੀ ਹੈ। ਇਸ ਲਈ ਇਹ ਅਖ਼ਬਾਰ ਕੋਸ਼ਿਸ਼ ਕਰਦੇ ਹਨ ਕਿ ਇਕ ਪੰਨਾ ਵਿਦੇਸ਼ਾਂ ਵਿਚ ਵਾਪਰਦੀਆਂ ਘਟਨਾਵਾਂ ਨੂੰ ਦਿਤਾ ਜਾਵੇ। ਇਸ ਮਕਸਦ ਲਈ ਅਖ਼ਬਾਰਾਂ ਨੂੰ ਸਮਾਚਾਰ ਬਿਊਰੋ ਉੱਤੇ ਨਿਰਭਰ ਹੋਣਾ ਪੈਂਦਾ ਹੈ। ਭਾਰਤ ਦੇ ਕਿਸੇ ਵੀ ਕੋਨੇ ਵਿਚ ਵਾਪਰਦੀ ਕਿਸੇ ਘਟਨਾ ਦੀ ਖ਼ਬਰ ਹਾਸਲ ਕਰਨ ਲਈ ਦੇਸ਼ ਅੰਦਰ ਕੰਮ ਕਰਦੀਆਂ ਸਮਾਚਾਰ ਏਜੰਸੀਆਂ ਉੱਤੇ ਨਿਰਭਰ ਹੋਣਾ ਪੈਂਦਾ ਹੈ।

| Value addition: Intellectual Context |
|---|
| **Heading text:** ਸਮਾਚਾਰ ਏਜੰਸੀ ਦੀ ਸਥਾਪਨਾ |
| **Body text:** ਵਿਸ਼ਵ ਦੀ ਪਹਿਲੀ ਸਮਾਚਾਰ ਏਜੰਸੀ ਦੀ ਸਥਾਪਨਾ ਦਾ ਸਿਹਰਾ ਫ੍ਰਾਂਸ ਦੇ ਨੌਜੁਆਨ ਚਾਰਲਸ ਲੂਈਸ ਹਵਾਸ ਨੂੰ ਜਾਂਦਾ ਹੈ ਜਿਸ ਨੇ 1835 ਈ. ਵਿਚ ਨਿਊਜ਼ ਬਿਊਰੋ ਦੀ ਸਥਾਪਨਾ ਕੀਤੀ ਜੋ ਅਜਕਲ ਵਿਸ਼ਵ ਦੀ ਪ੍ਰਸਿੱਧ ਸਮਾਚਾਰ ਏਜੰਸੀ ਹੈ। |
| **Source**: http://en.wikipedia.org/wiki/Agence_France-Presse |

ਸਮਾਚਾਰ ਏਜੰਸੀਆਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ:-




Figure 1.10
(Original)

## ਵਿਦੇਸ਼ੀ ਏਜੰਸੀਆਂ

ਚਾਰਲਸ ਵਾਲਸ ਆਵਾਸ ਦੀ ਏਜੰਸੀ ਵਿਚ ਹੀ ਪ੍ਰਸਿੱਖਿਅਤ ਇਕ ਜਰਨਲ ਪੱਤਰਕਾਰ ਜੂਲੀਅਸ ਰਾਈਟਰ ਨੇ ਲੰਦਨ ਵਿਚ ਰਾਈਟਰ ਨਾਮ ਦੀ 'ਨਿਊਜ਼ ਬਿਊਰੋ' ਦੀ ਸਥਾਪਨਾ ਕੀਤੀ। ਚਾਰਲਸ ਆਵਾਸ ਦੀ ਹੀ ਏਜੰਸੀ ਦਾ ਇਕ ਪ੍ਰਸਿੱਖਿਅਤ ਯੁਵਕ ਵਰਨਰਡ ਵੋਲਫ ਨੇ 1849 ਈ. ਵਿਚ ਬੋਲਫ ਏਜੰਸੀ ਦੇ ਨਾਮ ਨਾਲ ਆਪਣਾ ਕੰਮ ਸ਼ੁਰੂ ਕੀਤਾ। ਇਸ ਤਰ੍ਹਾਂ ਪੂਰੇ ਵਿਸ਼ਵ ਵਿਚ ਸਮਾਚਾਰ ਏਜੰਸੀਆਂ ਦਾ ਇਕ ਅੰਦੋਲਨ ਸ਼ੁਰੂ ਹੋਇਆ ਜਿਸ ਦਾ ਪੂਰਾ ਯੋਗਦਾਨ ਚਾਰਲਸ ਆਵਾਸ ਨੂੰ ਜਾਂਦਾ ਹੈ। ਸੰਨ 1865 ਵਿਚ ਪ੍ਰਚਲਿਤ ਏਜੰਸੀਆਂ ਵਿਚ ਮੁੱਖ ਰੂਪ ਵਿਚ ਚਾਰਲਸ ਆਵਾਸ ਰਾਈਟਰ ਤੇ ਬੋਲਫ ਨੇ ਆਪਸ ਵਿਚ ਸਮਝੋਤਾ ਕੀਤਾ, ਉਨ੍ਹਾਂ ਦੇ ਨਤੀਜੇ ਨਾਲ 1872 ਵਿਚ 'ਨੇਸ਼ਨਲ ਨਿਊਯਾਰਕ ਐਸੋਸੀਏਡ ਪ੍ਰੈਸ' ਸ਼ਾਮਿਲ ਹੋ ਗਿਆ। ਸੰਨ 1848 ਵਿਚ ਨਿਊਯਾਰਕ ਦੇ ਕੁਝ ਸਮਾਚਾਰ ਵਿਚ ਹਾਰਬਟ ਨਿਊਜ਼ ਐਸੋਸੀਏਸ਼ਨ ਦਾ ਮਹੱਤਵਪੂਰਨ ਸਥਾਨ ਹੈ। ਸੰਨ1857 ਵਿਚ 'ਨੇਸ਼ਨਲ ਨਿਊਯਾਰਕ ਐਸੋਸੀਏਸ਼ਨ ਪ੍ਰੈਸ' ਦੀ ਸਥਾਪਨਾ ਹੋਈ ਪਰ, ਆਪਸੀ ਵਿਵਾਦ ਦੇ ਵਿਚਾਰਕ ਮਤਭੇਦ ਕਰ ਕੇ ਆਪਸੀ ਸਮਝੌਤਾ ਭੰਗ ਹੋ ਗਿਆ। ਸੰਨ 1952 ਵਿਚ ਯੂਨਾਸਕੋ ਨੇ ਸਮਾਚਾਰ ਏਜੰਸੀਆਂ ਦੀ ਕਾਰਜ ਪ੍ਰਣਾਲੀਆਂ ਦਾ ਇਕ ਸਰਵੇਖਣ ਕੀਤਾ, ਜਿਸ ਵਿਚ ਮੁੱਖ ਰੂਪ ਨਾਲ ਹੇਠ ਲਿਖੀਆਂ ਛੇ ਏਜੰਸੀਆਂ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਹੋਈ:-




Figure 1.11
(Original)

## ਦੇਸੀ ਏਜੰਸੀਆਂ

ਭਾਰਤ ਵਿਚ ਸਮੇਂ ਸਮੇਂ ਸਿਰ ਸਮਾਚਾਰ ਇਕੱਤਰਿਤ ਕਰਨ ਵਾਸਤੇ ਅਨੇਕਾਂ ਸਮਾਚਾਰ ਏਜੰਸੀਆਂ ਸਥਾਪਤ ਹੋਈਆਂ ਜਿਵੇਂ:

1. **ਐਸੋਸੀਏਟ ਪ੍ਰੈਸ ਆਫ ਇੰਡੀਆ**
2. **ਇੰਡੀਆ ਨਿਊਜ਼ ਏਜੰਸੀ**
3. **ਯੂਨਾਇਟਿਡ ਪ੍ਰੈਸ ਆਫ ਇੰਡੀਆ**

ਭਾਵੇਂ ਇਹ ਏਜੰਸੀਆਂ ਅੱਜ ਦੇ ਸਮੇਂ ਕਾਰਜਸ਼ੀਲ ਨਹੀ ਹਨ ਪਰ, ਕਿਸੇ ਵੇਲੇ ਇਨ੍ਹਾਂ ਏਜੰਸੀਆਂ ਦੀ ਵਿਸ਼ੇਸ਼ ਯੋਗਤਾ ਰਹੀ ਹੈ।

### 4. ਪ੍ਰੈਸ ਟ੍ਰਸਟ ਆਫ ਇੰਡੀਆ (Press trust of India)

ਇਹ ਭਾਰਤ ਦੀ ਹੀ ਨਹੀਂ ਬਲਕਿ ਏਸ਼ੀਆ ਦੀ ਸਭ ਤੋਂ ਵੱਡੀ ਸਮਾਚਾਰ ਏਜੰਸੀ ਹੈ। ਐਸੋਸੀਏਡ ਪ੍ਰੈਸ ਦੇ ਸਥਾਨ ਉਤੇ ਅਗਸਤ 1947 ਵਿਚ ਸਰਦਾਰ ਪਟੇਲ ਦੇ ਯਤਨਾਂ ਨਾਲ ਇਸ ਏਜੰਸੀ ਦਾ ਸੰਗਠਨ ਹੋਇਆ। ਇਹ ਅੰਗ੍ਰੇਜ਼ੀ ਵਿਚ ਖ਼ਬਰਾਂ ਦੇਣ ਵਾਲੀ ਪਹਿਲੀ ਸਮਾਚਾਰ ਏਜੰਸੀ ਹੈ।

ਇਹ ਸਮਾਚਾਰ ਏਜੰਸੀ ਰਾਜਨੀਤਿਕ, ਆਰਥਕ, ਵਪਾਰਕ, ਸਮਾਜਕ ਅਤੇ ਤਕਨੀਕੀ ਤੇ ਵਿਕਾਸ ਸੰਬੰਧੀ ਸਮਾਚਾਰਾਂ ਦੇ ਲਗਭਗ ਇਕ ਲੱਖ ਸ਼ਬਦ ਹਰ ਰੋਜ਼ ਸਮਾਚਾਰ ਪੱਤਰਾਂ ਨੂੰ ਉਪਲੱਬਧ ਕਰਾਉਂਦੀ ਹੈ। ਜਿਸ ਵਿਚ 40 ਪ੍ਰਤਿਸ਼ਤ ਸਮਾਚਾਰ ਅੰਤਰ-ਰਾਸ਼ਟਰੀ ਹੁੰਦੇ ਹਨ।




| http://www.faizankhan.com/Press-Clips/slides/faizan-PTI-news.jpg | Figure 1.12 |
|---|---|

### 5. ਯੂਨਾਇਟਿਡ ਨਿਊਜ਼ ਆਫ ਇੰਡੀਆ ਏਜੰਸੀ (United news of India)

ਇਸ ਏਜੰਸੀ ਦੀ ਸਥਾਪਨਾ 10 ਨਵੰਬਰ 1959 ਵਿਚ ਹੋਈ। ਇਸ ਏਜੰਸੀ ਨੇ ਸਮਾਚਾਰ ਸੇਵਾ ਦਾ ਕੰਮ 21 ਮਾਰਚ 1961 ਵਿਚ ਸ਼ੁਰੂ ਕੀਤਾ। ਵਰਤਮਾਨ ਸਮੇਂ ਵਿਚ ਇਹ ਦੇਸ਼ ਦੀ ਪ੍ਰਮੁੱਖ ਰਾਸ਼ਟਰੀ ਅੰਗ੍ਰੇਜ਼ੀ ਸਮਾਚਾਰ ਏਜੰਸੀਆਂ ਵਿਚੋਂ ਇਕ ਹੈ।

ਪੀ. ਟੀ. ਆਈ. ਤੇ ਯੂ. ਐਨ. ਆਈ. ਦੋਵੇਂ ਏਜੰਸੀਆਂ ਅੱਜ ਦੇ ਸਮੇਂ ਵਿਚ ਆਪਣਾ ਕਾਰਜ ਬੜੀ ਸਫ਼ਲਤਾ ਨਾਲ ਨਿਭਾ ਰਹੀਆਂ ਹਨ। ਇਹ ਦੋਵੇਂ ਏਜੰਸੀਆਂ ਟ੍ਰਸਟੀ ਹਨ ਤੇ ਇਨ੍ਹਾਂ ਨੇ ਆਪੋ ਆਪਣੇ ਦਫ਼ਤਰ ਵਿਚ ਕਈ ਭਾਸ਼ਾਵਾਂ ਜਿਵੇਂ ਹਿੰਦੀ ਅਤੇ ਉਰਦੂ ਆਦਿ ਦੀਆਂ ਏਜੰਸੀਆਂ ਵੀ ਖੋਲ੍ਹ ਰਖੀਆਂ ਹਨ। ਜਿਨ੍ਹਾਂ ਵਿਚੋਂ ਪੀ. ਟੀ. ਆਈ. ਦੀ ਹਿੰਦੀ ਸਮਾਚਾਰ ਏਜੰਸੀ 'ਭਾਸ਼ਾ' ਅਤੇ ਯੂ.ਐਨ.ਆਈ. ਦੀ ਹਿੰਦੀ ਸਮਾਚਾਰ ਏਜੰਸੀ 'ਯੂਨੀਵਾਰਤਾ' ਅਤੇ ਉਰਦੂ ਸਮਾਚਾਰ ਏਜੰਸੀ ਯੂ. ਐਨ. ਆਈ. 'ਉਰਦੂ' ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ।

ਸਮਾਚਾਰ ਏਜੰਸੀਆਂ ਨੇ ਵੀ ਸਮਾਚਾਰ ਪੱਤਰਾਂ ਦੇ ਪੱਧਰ ਤੋਂ ਉੱਪਰ ਉੱਠ ਕੇ ਆਪਣੇ ਸਮਾਚਾਰ ਬਿਊਰੋ ਕਾਇਮ ਕੀਤੇ ਹੋਏ ਹਨ ਅਤੇ ਇਹ ਸਮਾਚਾਰ ਬਿਊਰੋ ਲਗਭਗ ਹਰ ਪ੍ਰਦੇਸ਼ ਦੀ ਰਾਜਧਾਨੀ ਵਿਚ ਹਨ ਅਤੇ ਅਗਾਂਹ ਦੇਸ਼ ਦੇ ਮੁੱਖ ਸ਼ਹਿਰਾਂ ਵਿਚ ਇਨ੍ਹਾਂ ਦੇ ਸਥਾਈ ਪੱਤਰਕਾਰ ਕੰਮ ਕਰ ਰਹੇ ਹਨ। ਇਸ ਤਰ੍ਹਾਂ ਇਹ ਏਜੰਸੀਆਂ ਖ਼ਬਰਾਂ ਨਿਊਜ਼ ਵਿਚ ਵਾਪਰਦੀਆਂ ਘਟਨਾਵਾਂ ਨੂੰ ਸਿੱਧੇ ਤੌਰ ਤੇ ਏਜੰਸੀ ਦੇ ਮੁੱਖ ਦਫ਼ਤਰ ਵਿਚ ਭੇਜਦੇ ਹਨ ਅਤੇ ਮੁੱਖ ਦਫ਼ਤਰ ਵਿਚ ਬੈਠਾ ਡੈਸਕ ਅਮਲਾ ਇਨ੍ਹਾਂ ਖ਼ਬਰਾਂ ਨੂੰ ਸੰਪਾਦਿਤ ਕਰ ਕੇ ਅਖ਼ਬਾਰ, ਰੇਡੀਉ,ਟੀ.ਵੀ

ਆਦਿ ਨੂੰ ਸੰਚਾਰਿਤ ਕਰਦਾ ਰਹਿੰਦਾ ਹੈ। ਇਨ੍ਹਾਂ ਏਜੰਸੀਆਂ ਦਾ ਕੰਮ ਕਰਨ ਦਾ ਤਰੀਕਾ ਅਜਿਹਾ ਹੈ ਕਿ ਹੋਰ ਅਖ਼ਬਾਰਾਂ ਨੇ ਇਨ੍ਹਾਂ ਏਜੰਸੀਆਂ ਨਾਲ ਸਥਾਈ ਤੌਰ 'ਤੇ ਪ੍ਰਬੰਧ ਕੀਤੇ ਹੁੰਦੇ ਹਨ। ਸਮਾਚਾਰ ਏਜੰਸੀਆਂ ਦੀ ਟੈਲੇਕਮਾ ਮਸ਼ੀਨ ਇਨ੍ਹਾਂ ਅਖ਼ਬਾਰਾਂ ਦੇ ਦਫ਼ਤਰ ਵਿਚ ਰਖੀ ਜਾਂਦੀ ਹੈ ਜਿਨ੍ਹਾਂ ਨੇ ਸਮਾਚਾਰ ਏਜੰਸੀਆਂ ਨਾਲ ਸਮਾਚਾਰ ਹਾਸਲ ਕਰਨ ਦਾ ਪ੍ਰਬੰਧ ਕੀਤਾ ਹੁੰਦਾ ਹੈ। ਸਮਾਚਾਰ ਪ੍ਰਬੰਧ ਦੀ ਇਸ਼ਾਇਤ ਦੇ ਆਧਾਰ 'ਤੇ ਇਹ ਏਜੰਸੀਆਂ ਉਨ੍ਹਾਂ ਤੋਂ ਮਾਸਿਕ ਫੀਸ ਹਾਸਲ ਕਰਦੀਆਂ ਹਨ ਜਿਵੇਂ ਕਿ 25000/-ਰੁਪਏ ਦੇ ਇਸ਼ਾਇਤ ਵਾਲੀ ਖ਼ਬਰ ਨੂੰ ਜੇਕਰ ਸਮਾਚਾਰ ਏਜੰਸੀ 5000/- ਰੁਪਏ ਮਹੀਨਾ ਹਾਸਲ ਕਰਦੀ ਹੋਵੇ ਤਾਂ ਹੋ ਸਕਦਾ ਹੈ ਕਿ 5,00,000/-(ਪੰਜ ਲੱਖ) ਰੁਪਏ ਇਸ਼ਾਇਤ ਵਾਲੀ ਖ਼ਬਰ ਨੂੰ 50,000/- ਮਹੀਨਾ ਅਦਾ ਕਰਨਾ ਪਵੇਗਾ । ਇਹ ਸਮਾਚਾਰ ਏਜੰਸੀਆਂ ਜੋ ਵੀ ਸਮਾਚਾਰ ਇੱਕਤਰ ਕਰਦੀਆਂ ਹਨ ਉਨ੍ਹਾਂ ਦਾ ਵੇਰਵਾ ਲਗਾਤਾਰ ਦਿਨ ਰਾਤ ਅਖ਼ਬਾਰਾਂ ਦੇ ਦਫ਼ਤਰ ਦੀਆਂ ਆਪਣੀਆਂ, ਮਸ਼ੀਨਾਂ ਜਾਂ ਇੰਟਰਨੈਟ ਰਾਹੀਂ ਭੇਜਦੀਆਂ ਰਹਿੰਦੀਆਂ ਹਨ ।

**Value addition: Analogies**

**Heading text:** ਆਰਥਕ ਏਜੰਸੀ **Sensex**

**Body text:** ਇਨ੍ਹਾਂ ਵਿਸ਼ੇਸ਼ ਸਮਾਚਾਰ ਏਜੰਸੀਆਂ ਦੇ ਨਾਲ ਨਾਲ ਕਈ ਅਜਿਹੀਆਂ ਸਮਰੂਪ ਏਜੰਸੀਆਂ ਵੀ ਹਨ ਜਿਨ੍ਹਾਂ ਦਾ ਖ਼ਬਰਾਂ ਦੇ ਇਕੱਤਰੀਕਰਨ ਵਿਚ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਵਿਚੋਂ ਆਰਥਕ ਸਮਾਚਾਰਾਂ ਦਾ ਮੁੱਖ ਆਧਾਰ ਸਰੋਤ **Sensex** ਹੈ। ਇਸ ਵਲੋਂ ਜਾਰੀ ਆਂਕੜਿਆਂ ਨੂੰ ਵਿਭਿੰਨ ਅਖ਼ਬਾਰਾਂ ਵਿਸ਼ੇਸ਼ ਅਹਿਮੀਅਤ ਦਿੰਦੀਆਂ ਹਨ। ਕਰੰਸੀ ਦੇ ਵਧ ਘੱਟ ਦਰਾਂ ਨੂੰ ਜਾਣਨ ਲਈ ਵੀ ਆਰਥਕ ਏਜੰਸੀਆਂ ਨੂੰ ਸਰੋਤ ਬਣਾਇਆ ਜਾਂਦਾ ਹੈ।




**Source**: http://library.thinkquest.org/08aug/00871/images/14754275_Sensex_BSE_newsimage.jpg

## 1.5 ਸਮਾਚਾਰ ਇਕੱਤਰਤਾ



### 1.5.1 ਸੰਪਾਦਕੀ ਅਮਲਾ

ਇਸ ਤਰ੍ਹਾਂ ਅਸੀ ਵੇਖਦੇ ਹਾਂ ਕਿ ਜਦੋਂ ਸਮਾਚਾਰ ਬਿਊਰੋ ਸਥਾਈ ਪੱਤਰਕਾਰਾਂ, ਆਰਜ਼ੀ ਪੱਤਰਕਾਰਾਂ ਅਤੇ ਸਮਾਚਾਰ ਏਜੰਸੀਆਂ ਆਦਿ ਵਲੋਂ ਭੇਜੀਆਂ ਖ਼ਬਰਾਂ ਦਾ ਇਕ ਵੱਡਾ ਸੰਗ੍ਰਹਿ ਅਖ਼ਬਾਰ ਕੋਲ ਪੰਹੁਚਦਾ ਹੈ, ਤਾਂ ਅਖ਼ਬਾਰ ਵਿਚ ਬੈਠਾ ਸੰਪਾਦਕੀ ਅਮਲਾ ਇਨ੍ਹਾਂ ਖ਼ਬਰਾਂ ਦੀ ਸ਼੍ਰੇਣੀ ਵੰਡ ਕਰਦਾ ਹੈ।

| Figure 1.13 | ਸੰਪਾਦਕੀ ਅਮਲਾ |
|---|---|
| http://www.pccsl.lk/includes/photogallery/images/090426115300.JPG | |

### 1.5.2 ਸ਼੍ਰੇਣੀ ਵੰਡ

ਸ਼੍ਰੇਣੀ ਵੰਡ ਮੋਟੇ ਤੌਰ ਤੇ ਹੇਠ ਲਿਖੇ ਅਨੁਸਾਰ ਹੈ :




Figure 1.14 (Original)

ਅਖ਼ਬਾਰਾਂ ਵਿਚ ਬੈਠੇ ਸਮਾਚਾਰ ਅਮਲੇ ਨੂੰ ਵੀ ਉਪਰੋਕਤ ਸ਼੍ਰੇਣੀ ਅਨੁਸਾਰ ਹੀ ਵੰਡਿਆ ਗਿਆ ਹੈ। ਸੰਪਾਦਕੀ ਅਮਲਾ ਆਪੋ ਆਪਣੀ ਸ਼੍ਰੇਣੀ ਦੀ ਖ਼ਬਰ ਨੂੰ ਰੱਖਦਾ ਹੈ ਅਤੇ ਲੋੜ ਅਨੁਸਾਰ ਉਸ ਨੂੰ ਸੰਪਾਦਿਤ ਕਰਕੇ ਆਪੋ ਆਪਣੇ ਪੰਨੇ ਉੱਤੇ ਢੁਕਵੀ ਥਾਂ ਦੇਣ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਇਹ ਪੰਨਾ ਤਿਆਰ ਹੋ ਜਾਂਦਾ ਹੈ ਤਾਂ ਸਮਾਚਾਰ ਸੰਪਾਦਕ ਇਨ੍ਹਾਂ ਪੰਨਿਆਂ ਉੱਤੇ ਡੂੰਘੀ ਨਜ਼ਰ ਮਾਰਦਾ ਹੈ ਤੇ ਸਮਾਚਾਰ ਸੰਪਾਦਕ ਵਲੋਂ ਪ੍ਰਵਾਨ ਕੀਤਾ ਗਿਆ ਪੰਨਾ ਹੀ ਛਾਪਣ ਲਈ ਪ੍ਰੈਸ ਵਿਚ ਭੇਜਿਆ ਜਾਂਦਾ ਹੈ। ਇਸ ਤਰ੍ਹਾਂ ਇਸ ਪ੍ਰਕਿਰਿਆ ਰਾਹੀਂ ਅਖ਼ਬਾਰਾਂ ਆਪਣੇ ਸਮਾਚਾਰ ਇਕੱਤਰ ਕਰਨ ਵਿਚ ਸਫ਼ਲ ਹੁੰਦੀਆਂ ਹਨ।

## ਵਿਵੇਚਨ (Summary)

ਇਸ ਪ੍ਰਕਾਰ ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਮਾਚਾਰ ਇੱਕਤਰੀਕਰਨ ਆਪਣੇ ਆਪ ਵਿਚ ਯੋਗਤਾ ਭਰਪੂਰ ਕਾਰਜ ਹੈ ਜਿਸ ਨੂੰ ਸਫ਼ਲ ਬਨਾਉਣ ਵਿਚ ਜਿਥੇ ਸਮਾਚਾਰ ਬਿਊਰੋ, ਸਮਾਚਾਰ ਰਿਪੋਟਰ, ਆਰਜ਼ੀ ਪੱਤਰਕਾਰ ਮੁੱਖ ਰੂਪ ਵਿਚ ਅਹਿਮ ਹੁੰਦੇ ਹਨ ਉਥੇ ਪ੍ਰੈਸ ਫੋਟੋਗ੍ਰਾਫਰ ਦਾ ਵੀ ਮਹੱਤਵਪੂਰਨ ਕਾਰਜ ਹੈ। ਜਿਥੇ ਸਮੇਂ ਸਮੇਂ ਸਿਰ ਹੁੰਦੀਆਂ ਪ੍ਰੈਸ ਕਾਨਫਰੰਸਾਂ ਅਤੇ ਜਾਰੀ ਕੀਤੇ ਜਾਂਦੇ ਪ੍ਰੈਸ ਨੋਟ, ਅਖ਼ਬਾਰ ਨੂੰ ਗਿਆਨ ਭਰਪੂਰ ਬਣਾਉਣ ਵਿਚ ਸਹਾਇਕ ਹੁੰਦੇ ਹਨ। ਉਥੇ ਦੇਸੀ ਵਿਦੇਸ਼ੀ ਸਮਾਚਾਰ ਏਜੰਸੀਆਂ ਸਮਾਚਾਰ ਇਕੱਤਰੀਕਰਨ ਵਿਚ ਵਿਸ਼ੇਸ਼ ਯੋਗਦਾਨ ਦਿੰਦੀਆਂ ਹਨ। ਇਨ੍ਹਾਂ ਸਾਰਿਆਂ ਦੇ ਯਤਨਾਂ ਸਦਕਾ ਹੀ ਵਿਭਿੰਨ ਖ਼ਬਰਾਂ ਇਕੱਤਰਿਤ ਹੋ ਕੇ ਅਖ਼ਬਾਰ (ਸਮਾਚਾਰ ਪੱਤਰ) ਨੂੰ ਸਰੂਪ ਦਿੰਦੀਆਂ ਹਨ।

# ਪ੍ਰਸ਼ਨੋਤਰੀ (Exercise)

1.1 ਸਮਾਚਾਰ ਇੱਕਤਰੀਕਰਨ ਤੋਂ ਕੀ ਭਾਵ ਹੈ?

1.2 ਸਮਾਚਾਰ ਇੱਕਤਰੀਕਰਨ ਦੇ ਮੁੱਖ ਸੋਮੇ ਕਿਹੜੇ ਹਨ?

1.3 ਸਮਾਚਾਰ ਇੱਕਤਰੀਕਰਨ ਦੇ ਵਿਸ਼ੇਸ਼ ਸੋਮੇ ਕਿਹੜੇ ਹਨ?

1.4 ਸਮਾਚਾਰ ਇੱਕਤਰੀਕਰਨ ਵਿਚ ਸੰਪਾਦਕੀ ਅਮਲੇ ਦਾ ਕੀ ਰੋਲ ਹੁੰਦਾ ਹੈ, ਚਰਚਾ ਕਰੋ?

1.5 ਸਮਾਚਾਰ ਇੱਕਤਰੀਕਰਨ ਵਿਚ ਖ਼ਬਰੀ ਏਜੰਸੀਆਂ ਦੀ ਕੀ ਸਾਰਥਕਤਾ ਹੈ?

1.6 ਪੀ. ਟੀ. ਆਈ. ਅਤੇ ਯੂ. ਐਨ ਆਈ. ਦੀ ਸਥਾਪਨਾ ਅਤੇ ਕਾਰਜੀ ਯੋਗਤਾ ਬਾਰੇ ਚਰਚਾ ਕਰੋ?

1.7 ਹੇਠ ਲਿਖਿਆਂ ਵਿਚੋਂ ਕਿਸੇ ਦੋ ਉਪਰ ਨੋਟ ਲਿਖੋ:-

- ਆਰਜ਼ੀ ਪੱਤਰਕਾਰ
- ਸੰਪਾਦਕੀ ਅਮਲਾ
- ਸਮਾਚਾਰ ਬਿਊਰੋ
- ਸੰਪਾਦਨਾ

1.8 ਖ਼ਬਰਾਂ ਨੂੰ ਇੱਕਤਰਿਤ ਕਰਨ ਵਿਚ ਸਮਾਚਾਰ ਰਿਪੋਰਟਰ ਦਾ ਕੀ ਯੋਗਦਾਨ ਹੈ, ਚਰਚਾ ਕਰੋ?

# ਹਵਾਲੇ (References)


## 1. ਸਹਾਇਕ ਪੁਸਤਕਾਂ

- ਗਿਆਨੀ ਭਜਨ ਸਿੰਘ, ਪੰਜਾਬੀ ਪੱਤਰਕਾਰੀ ਦਾ ਵਿਕਾਸ, ਪੰਜਾਬੀ ਅਕਾਦਮੀ, ਦਿੱਲੀ, 2001.
- ਗਿਆਨੀ ਭਜਨ ਸਿੰਘ, (ਸੰਪਾ.), ਪੰਜਾਬੀ ਪੱਤਰਕਾਰੀ ਇਕ ਸਰਵੇਖਣ, ਪੰਜਾਬੀ ਅਕਾਦਮੀ, ਦਿੱਲੀ, 1986.
- ਐਲ. ਆਰ. ਨਾਗਪਾਲ, ਸਮਾਚਾਰ ਪੱਤਰ ਪ੍ਰਬੰਧ ਅਤੇ ਵਿਗਿਆਪਨ ਕਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1991.
- ਐਚ. ਐਸ. ਦਿਲਗੀਰ, ਜਨਸੰਪਰਕ, ਪੰਜਾਬੀ ਯੂਨੀਵਰਸਿਟੀ ਪਟਿਆਲਾ

## 2. Web Links

1.1 http://en.wikipedia.org/wiki/Newspaper#History
1.2 www.eic-game.com
1.3 http://www.cartoonstock.com/newscartoons/cartoonists/nsu/lowres/nsun302l.jpg
1.4 http://www.chinadaily.com.cn/english/doc/2006-02/08/xin_250203080706496739738.jpg
1.5 http://www.newsdesigner.com/blog/images/sept06/ads3t.jpg
1.6 http://farm2.static.flickr.com/1353/694987923_33bb865a35.jpg
1.7 http://upload.wikimedia.org/wikipedia/commons/d/d9/HK_Victoria_Park_TVBS_News_Reporter_2007.JPG
1.8 http://www.conceptualevent.com/PressConference2.jpg
1.9 http://kerc.org/TBPCL-ORDER-2006/Press-Note.gif
1.10 http://www.faizankhan.com/Press-Clips/slides/faizan-PTI-news.jpg
1.11 http://www.pccsl.lk/includes/photogallery/images/090426115300.JPG
1.12 http://en.wikipedia.org/wiki/Agence_France-Presse